**ਦਫਤਰ: ਉਪ ਮੰਡਲ ਇੰਜੀਨੀਅਰ, ਪ੍ਰਾਂਤਕ ਉਪ ਮੰਡਲ, ਲੋ.ਨਿ.ਵਿ. ਭ ਤੇ ਮ ਸ਼ਾਖਾ,**
**ਗਿੱਦੜਬਾਹਾ ਜਿਲ੍ਹਾ ਸ੍ਰੀ ਮੁਕਤਸਰ ਸਾਹਿਬ**
ਈ-ਮੇਲ: sde.psd.gdb.pwd@punjab.gov.in

ਵੱਲ:-

ਪ੍ਰਿੰਸੀਪਲ,
ਕਿਡਜ ਕਿੰਗਡਮ ਕਾਨਵੈਂਟ ਸਕੂਲ,
ਪਿੰਡ ਤੇ ਡਾਕ: ਸਿੰਘੇਵਾਲਾ, ਤਹਿਸੀਲ ਮਲੋਟ।
ਮੋਬਾਇਲ ਨੰ: 90343-60006
ਈ-ਮੇਲ: Ltekks@gmail.com

ਮਿਤੀ:- 31/08/2026

ਨੰਬਰ:- 238

**ਵਿਸ਼ਾ:-** **ਬਿਲਡਿੰਗ ਸੇਫਟੀ ਸਰਟੀਫਿਕੇਟ ਜਾਰੀ ਕਰਨ ਸਬੰਧੀ ਸਾਲ 2026-27 (Valid upto 31.03.2027)**

**ਹਵਾਲਾ:-** **ਆਪ ਦਾ ਪੱਤਰ ਨੰ. 26747 ਮਿਤੀ 11.05.2026 ਦੇ ਸਬੰਧ ਵਿੱਚ।**

ਉਪਰੋਕਤ ਵਿਸ਼ੇ ਅਤੇ ਹਵਾਲਾ ਅਧੀਨ ਪੱਤਰ ਰਾਹੀਂ ਆਪ ਵੱਲੋਂ ਸਕੂਲ ਦੀ ਬਿਲਡਿੰਗ ਸੇਫਟੀ ਸਰਟੀਫਿਕੇਟ ਦੀ ਮੰਗ
ਕੀਤੀ ਗਈ। ਸਕੂਲ ਵੱਲੋਂ ਦਿੱਤੇ ਪ੍ਰੋਫਾਰਮੇ ਅਨੁਸਾਰ ਦਰਸਾਇਆ ਪਲਿੰਥ ਏਰੀਆ 49050 ਵਰਗ ਫੁੱਟ ਫਸਟ ਫਲੋਟ ਅਤੇ ਸੈਕਿੰਡ ਫਲੋਰ ਹੈ।
ਜਿਸ ਦੇ ਸਬੰਧ ਵਿੱਚ ਇਸ ਦਫਤਰ ਅਧੀਨ ਕੰਮ ਕਰਦੇ ਸਬੰਧਤ ਜੂਨੀਅਰ ਇੰਜੀਨੀਅਰ ਵੱਲੋਂ ਬਿਲਡਿੰਗ ਦਾ ਨਿਰੀਖਣ ਕੀਤਾ ਗਿਆ। ਪ੍ਰਾਪਤ
ਹੋਏ ਸਕੂਲ ਕੇਸ ਵਿੱਚ ਆਪ ਵੱਲੋਂ ਸਾਲ 2022- 23 ਦਾ ਸਕੂਲ ਸੇਫਟੀ ਨੱਥੀ ਕੀਤਾ ਗਿਆ ਸੀ। ਜਿਸ ਉਪਰੰਤ ਇਸ ਦਫਤਰ ਵੱਲੋਂ ਹਦਾਇਤਾਂ
ਮੁਤਾਬਕ ਆਪ ਵੱਲੋਂ ਪਿਛਲੇ 03 ਸਾਲਾਂ (ਸਾਲ 2023-24, 2024-25 ਅਤੇ ਸਾਲ 2025-26) ਦੀ 10,000/- ਰੁਪੈ ਮੁਤਾਬਿਕ ਰਕਮ
30,000/- ਰੁਪੈ ਬਿਲਡਿੰਗ ਇੰਸਪੈਕਸ਼ਨ ਫੀਸ ਅਤੇ ਸਾਲ 2026-27 ਦੀ 10,000/- ਰੁਪੈ ਸਕੂਲ ਬਿਲਡਿੰਗ ਇੰਸਪੈਕਸ਼ਨ ਫੀਸ ਇਸ
ਦਫਤਰ ਵੱਲੋਂ ਜਮ੍ਹਾਂ (ਪੀ.ਆਈ.ਟੀ. ਅੰਡਰ ਹੈੱਡ 8782) ਕਰਵਾ ਦਿੱਤੀ ਗਈ ਹੈ। ਪ੍ਰੋਫਾਰਮੇ ਦੇ ਕਾਲਮ ਨੰਬਰ 13 ਅਤੇ 14 ਸਬੰਧੀ ਦਫਤਰ
ਫਾਇਰ ਸਟੇਸ਼ਨ, ਮਲੋਟ ਵੱਲੋਂ ਸਰਟੀਫਿਕੇਟ ਨੰਬਰ PBIP-(FIRE)/2026/ 1860 Dated 08.05.2026 ਰਾਹੀਂ 03 ਸਾਲਾਂ ਦੀ
ਮਿਆਦ ਨਾਲ ਜਾਰੀ ਕੀਤੇ ਫਾਇਰ ਸੇਫਟੀ ਸਰਟੀਫਿਕੇਟ ਦੇ ਆਧਾਰ ਤੇ ਸਕੂਲ ਬਿਲਡਿੰਗ ਸੇਫਟੀ ਮਿਤੀ 31.03.2027 ਤੱਕ ਹੇਠ ਲਿਖੀਆ
ਸ਼ਰਤਾ ਤੇ ਜਾਰੀ ਕੀਤਾ ਜਾਂਦਾ ਹੈ:-

1. ਸਕੂਲ ਦੀ ਬਿਲਡਿੰਗ ਦੀਆਂ ਛੱਤਾਂ ਉਪਰ ਅਤੇ ਆਲੇ ਦੁਆਲੇ ਪਾਣੀ ਖੜ੍ਹਾ ਨਾ ਹੋਣ ਦਿੱਤਾ ਜਾਵੇ।
2. ਜੇਕਰ ਬਿਲਡਿੰਗ ਦੀ ਕਿਸੇ ਜਗ੍ਹਾਂ ਤੇ ਤਰੇੜ ਆ ਜਾਂਦੀ ਹੈ ਤਾਂ ਉਸ ਜਗ੍ਹਾਂ ਨੂੰ ਤੁਰੰਤ ਖਾਲੀ ਕਰਵਾ ਦਿੱਤਾ ਜਾਵੇ ਅਤੇ ਇਸ ਵਿਭਾਗ ਤੋਂ ਇੰਸਪੈਕਸ਼ਨ ਤੁਰੰਤ ਕਰਵਾਈ ਜਾਵੇ ਅਤੇ ਜਿਸ ਜਗ੍ਹਾਂ ਤੇ ਕਰੈਕ ਹੁੰਦੇ ਹਨ ਤਾਂ ਉਸ ਜਗ੍ਹਾਂ ਦੀ ਰਿਪੇਅਰ ਕਰਵਾਈ ਜਾਵੇ।
3. ਬਿਲਡਿੰਗ ਦੀ ਹਰ ਪੱਖੋਂ ਸੇਫਟੀ ਦੀ ਸਾਰੀ ਜਿੰਮੇਵਾਰੀ ਸਕੂਲ ਮੁਖੀ ਦੀ ਹੋਵੇਗੀ। ਅੱਗ ਬਝਾਊ ਯੰਤਰ ਚਾਲੂ ਹਾਲਤ ਵਿੱਚ ਹੋਣੇ ਚਾਹੀਦੇ ਹਨ, ਇਸ ਸਕੂਲ ਦੀ ਬਿਲਡਿੰਗ ਵਿੱਚ ਉਸਾਰੀ ਵਿੱਚ ਵਾਧਾ ਕਰਨਾ ਹੋਵੇ ਤਾਂ ਇਸਨੂੰ ਕੰਪੀਟੈਂਟ ਅਥਾਰਟੀ ਤੋਂ ਪਹਿਲਾ ਪਾਸ ਕਰਵਾਇਆ ਜਾਵੇ ਅਤੇ ਇਸ ਦਫਤਰ ਨੂੰ ਸੂਚਨਾ ਭੇਜੀ ਜਾਵੇ।

ਇਸ ਤੋਂ ਇਲਾਵਾ ਸਕੂਲ/ਸੰਸਥਾ ਮੁਖੀ ਨੂੰ ਇਹ ਵੀ ਲਿਖਿਆ ਜਾਂਦਾ ਹੈ ਕਿ ਜੇਕਰ ਇਹਨਾਂ ਸ਼ਰਤਾਂ ਵਿੱਚ ਕਿਸੇ ਸ਼ਰਤ ਦੀ ਉਲੰਘਣਾ ਕੀਤੀ ਜਾਂਦੀ ਹੈ ਤਾਂ ਉਕਤ ਸਕੂਲ ਬਿਲਡਿੰਗ ਸੇਫਟੀ ਸਰਟੀਫਿਕੇਟ ਤੁਰੰਤ ਪ੍ਰਭਾਵ ਤੋਂ ਰੱਦ ਸਮਝਿਆ ਜਾਵੇਗਾ ਅਤੇ ਬਿਲਡਿੰਗ ਸੇਫਟੀ ਸਬੰਧੀ ਇਸ ਵਿਭਾਗ ਦੀ ਕੋਈ ਜਿੰਮੇਵਾਰੀ ਨਹੀਂ ਹੋਵੇਗੀ।

ਇੱਥੇ ਇਹ ਵੀ ਸਪੱਸ਼ਟ ਕੀਤਾ ਜਾਂਦਾ ਹੈ ਕਿ ਇਸ ਪੱਤਰ/ਸੇਫਟੀ ਸਰਟੀਫਿਕੇਟ ਦਾ ਸਕੂਲ ਦੀ ਜਗ੍ਹਾ ਦੀ ਮਲਕੀਅਤ ਨਾਲ ਕੋਈ ਸਬੰਧ ਨਹੀਂ ਹੈ।

ਉਪ ਮੰਡਲ ਇੰਜੀਨੀਅਰ, .
ਪ੍ਰਾਂਤਕ ਉਪ ਮੰਡਲ ਭ ਤੇ ਮ ਸ਼ਾਖਾ,
ਗਿੱਦੜਬਾਹਾ।

Scanned with CamScanner

**ਦਫਤਰ: ਉਪ ਮੰਡਲ ਇੰਜੀਨੀਅਰ, ਪ੍ਰਾਂਤਕ ਉਪ ਮੰਡਲ, ਲੋ.ਨਿ.ਵਿ. ਭ ਤੇ ਮ ਸ਼ਾਖਾ,**
**ਗਿੱਦੜਬਾਹਾ ਜਿਲ੍ਹਾ ਸ੍ਰੀ ਮੁਕਤਸਰ ਸਾਹਿਬ**

ਈ-ਮੇਲ: sde.psd.gdb.pwd@punjab.gov.in

**ਪਿੱਠ ਅੰਕਣ ਨੰਬਰ:** **ਮਿਤੀ:-**

ਉਪਰੋਕਤ ਦਾ ਉਤਾਰਾ ਕਾਰਜਕਾਰੀ ਇੰਜੀਨੀਅਰ, ਉਸਾਰੀ ਮੰਡਲ ਭ ਤੇ ਮ ਸ਼ਾਖਾ, ਗਿੱਦੜਬਾਹਾ ਜੀ ਨੂੰ ਉਨ੍ਹਾਂ ਦੇ ਪਿੱਠ ਅੰਕਣ ਨੰਬਰ 904 ਮਿਤੀ 18.05.2026 ਦੇ ਸਬੰਧ ਵਿੱਚ ਬੇਨਤੀ ਸਹਿਤ ਲਿਖਿਆ ਜਾਂਦਾ ਹੈ ਕਿ ਉਕਤ ਸਕੂਲ ਸੇਫਟੀ ਸਰਟੀਫਿਕੇਟ ਇਸ ਮੰਡਲ ਅਧੀਨ ਸੜਕ ਦੇ ਸਥਿਤ ਨਾ ਹੋਣ ਕਰਕੇ ਜਾਰੀ ਕੀਤਾ ਗਿਆ ਹੈ ਜੀ।

ਉਪ ਮੰਡਲ ਇੰਜੀਨੀਅਰ, .
ਪ੍ਰਾਂਤਕ ਉਪ ਮੰਡਲ ਭ ਤੇ ਮ ਸ਼ਾਖਾ,
ਗਿੱਦੜਬਾਹਾ।

Scanned with CamScanner